# ਪੰਜਾਬੀ ਨਾਵਲ ਦੀ ਪਰੰਪਰਾ ਤੇ ਪਾਤਰ-ਵਿਪਾਤਰ

ਸ. ਸੋਜ਼ ਪੰਜਾਬੀ ਦੇ ਉਨ੍ਹਾਂ ਸਮਕਾਲੀ ਲੇਖਕਾਂ ਵਿਚੋਂ ਹੈ ਜਿਨ੍ਹਾਂ ਨੇ ਆਪਣੀ ਸਿਰਜਣਾਤਮਕ ਵਿਲੱਖਣਤਾ ਰਾਹੀਂ ਪੰਜਾਬੀ ਨਾਵਲ ਦੇ ਖੇਤਰ ਵਿਚ ਆਪਣੀ ਨਵੇਕਲੀ ਥਾਂ ਬਣਾਉਣ ਦਾ ਉੱਦਮ ਕੀਤਾ ਹੈ। ਇਸ ਖੇਤਰ ਵਿਚ ਉਸਨੇ ਆਪਣੇ ਸਫ਼ਰ ਦੀ ਸ਼ੁਰੂਆਤ 1987 ਵਿਚ ਪ੍ਰਕਾਸ਼ਿਤ **ਮਕਾਨ ਇਕ ਖਾਲੀ ਜੇਹਾ** ਨਾਵਲ ਨਾਲ ਕੀਤੀ। ਇਹ ਪਰੰਪਰਾ ਦੀ ਲੀਹ ਤੋਂ ਹਟ ਕੇ ਲਿਖਿਆ ਗਿਆ ਨਾਵਲ ਸੀ ਜਿਸਨੂੰ ਪੰਜਾਬੀ ਪਾਠਕਾਂ ਅਤੇ ਆਲੋਚਕਾਂ ਵਲੋਂ ਭਰਪੂਰ ਹੁੰਘਾਰਾ ਪ੍ਰਾਪਤ ਹੋਇਆ। ਇਸ ਤੋਂ ਮਗਰੋਂ ਉਪਰੋਥਲੀ ਉਸਦੇ ਕਈ ਹੋਰ ਨਾਵਲ - ਕੋਲਾਜ, ਪਾਤਰ-ਵਿਪਾਤਰ, ਮਰਸੀਆ, ਊਣੇ-ਸਖਣੇ, ਮਰਸੀਆ ਆਦਿ - ਪ੍ਰਕਾਸ਼ਿਤ ਹੋਏ ਜਿਨ੍ਹਾਂ ਵਿਚ ਓਸੇ ਤਰ੍ਹਾਂ ਦੀ ਪ੍ਰਯੋਗਸ਼ੀਲ ਬਿਰਤੀ ਦ੍ਰਿਸ਼ਟੀਗੋਚਰ ਹੁੰਦੀ ਹੈ। ਇਹ ਸਾਰੀਆਂ ਨਾਵਲੀ ਲਿਖਤਾਂ ਵਿਸ਼ੈਗਤ ਸਰੋਕਾਰਾਂ ਅਤੇ ਰਚਨਾ-ਵਿਧੀ ਦੇ ਪੱਖੋਂ ਉਚੇਚਾ ਧਿਆਨ ਆਕਰਸ਼ਿਤ ਕਰਨ ਵਾਲੀਆਂ ਹਨ। ਉਂਜ ਤਾਂ ਹਰ ਸਾਹਿਤਕ ਰਚਨਾ ਕਿਸੇ ਨਾ ਕਿਸੇ ਪੱਖੋਂ ਵਿਲੱਖਣ ਜਾਂ ਵਿਸ਼ੇਸ਼ ਹੁੰਦੀ ਹੈ ਪਰ ਕੋਈ ਕੋਈ ਰਚਨਾ ਅਜਿਹੀ ਵੀ ਹੁੰਦੀ ਹੈ ਜੋ ਪੂਰਬ-ਪ੍ਰਚੱਲਤ ਪਰੰਪਰਾ ਵਿਚ ਨਵੇਂ ਪ੍ਰਯੋਗ ਦਾ ਸੁਨੇਹਾ ਲੈ ਕੇ ਆਉਂਦੀ ਹੈ ਅਤੇ ਸਿਰਜਣਾ ਦੇ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਲ ਰੁਚਿਤ ਹੁੰਦੀ ਹੈ। ਸ. ਸੋਜ਼ ਦੀਆਂ ਨਾਵਲੀ ਲਿਖਤਾਂ ਕੁਝ ਇਸੇ ਕਿਸਮ ਦੀ ਪ੍ਰਯੋਗਸ਼ੀਲਤਾ ਦਾ ਪ੍ਰਮਾਣ ਪੇਸ਼ ਕਰਦੀਆਂ ਹਨ। ਇਸ ਗੱਲ ਦੀ ਉੱਘੜਵੀਂ ਮਿਸਾਲ ਉਸਦਾ **ਪਾਤਰ-ਵਿਪਾਤਰ** ਨਾਵਲ ਹੈ। ਇਸ ਨਾਵਲ ਦੀ ਪ੍ਰਯੋਗਸ਼ੀਲ ਬਿਰਤੀ ਅਤੇ ਸਿਰਜਣਾਤਮਕ ਵਿਲੱਖਣਤਾ ਦਾ ਨਿਖੇੜਾ ਕਰਨ ਲਈ ਪੰਜਾਬੀ ਨਾਵਲ ਦੀ ਪਰੰਪਰਾ ਨਾਲ ਸਾਂਝ ਪਾਉਣੀ ਬਣਦੀ ਹੈ।

ਨਾਵਲ ਕਥਾ-ਸਾਹਿਤ ਦਾ ਉਹ ਰੂਪ ਹੈ ਜੋ ਆਧੁਨਿਕ ਕਾਲ ਵਿਚ ਵਿਕਸਿਤ ਹੋਇਆ ਹੈ। ਇਸ ਵਿਚ ਨਾ ਤਾਂ ਪੁਰਾਤਨ ਮਿੱਥ-ਕਥਾ ਵਾਂਗ ਕਿਸੇ ਦੈਵੀ ਪਾਤਰ ਦੀ ਅਲੌਕਿਕ ਕਥਾ ਬਿਆਨ ਕੀਤੀ ਜਾਂਦੀ ਹੈ ਅਤੇ ਨਾ ਹੀ ਮੱਧਕਾਲੀ ਰੁਮਾਂਸ-ਕਥਾ ਵਾਂਗ ਕਿਸੇ ਆਦਰਸ਼ਕ ਨਾਇਕ ਦੀ ਗਾਥਾ ਬਿਆਨ ਕੀਤੀ ਜਾਂਦੀ ਹੈ। ਸਗੋਂ ਇਸ ਵਿਚ ਤਾਂ ਮਨੁੱਖੀ ਜੀਵਨ ਦਾ ਯਥਾਰਥਕ ਬਿਰਤਾਂਤ ਪੇਸ਼ ਕੀਤਾ ਜਾਂਦਾ ਹੈ। ਵਿਸ਼ਵ ਸਾਹਿਤ ਵਿਚ ਇਸ ਵਿਧਾ ਦਾ ਵਿਕਾਸ ਸੱਭ ਤੋਂ ਪਹਿਲਾਂ ਪੱਛਮ ਵਿਚ, ਉਦਿਓਗਿਕ ਕ੍ਰਾਂਤੀ ਅਤੇ ਸਰਮਾਇਦਾਰੀ ਅਰਥ-ਵਿਵਸਥਾ ਦੇ ਮਾਹੌਲ ਵਿਚ ਹੋਇਆ। ਇਸੇ ਲਈ ਇਸਨੂੰ ਸਰਮਾਇਦਾਰੀ ਯੁੱਗ ਦਾ ਮਹਾਂਕਾਵਿ ਵੀ ਆਖਿਆ ਜਾਂਦਾ ਹੈ।

ਪੰਜਾਬੀ ਵਿਚ ਨਾਵਲੀਕਾਰੀ ਦਾ ਆਰੰਭ ਅੰਗ੍ਰੇਜ਼ੀ ਹਕੂਮਤ ਵੇਲੇ ਪੱਛਮੀ ਸਾਹਿਤ-ਸਭਿਆਚਾਰ ਦੇ ਪ੍ਰਭਾਵ ਰਾਹੀਂ ਹੋਇਆ। 1859 ਈ. ਵਿਚ ਜੌਹਨ ਬਨੀਅਨ ਦੇ ਸੰਸਾਰ ਪ੍ਰਸਿੱਧ ਨਾਵਲ ਪਿਲਗ੍ਰਿਮਜ਼ ਪ੍ਰਾਗ੍ਰੈਸ ਦਾ ਪੰਜਾਬੀ ਅਨੁਵਾਦ ਯਿਸੂਈ ਮੁਸਾਫ਼ਿਰ ਦੀ ਯਾਤਰਾ ਪ੍ਰਕਾਸ਼ਿਤ ਹੋਇਆ ਅਤੇ 1882 ਈ. ਵਿਚ ਕਿਸੇ ਅਨਾਮ ਮਿਸ਼ਨਰੀ ਦਾ ਲਿਖਿਆ ਹੋਇਆ ਇਕ ਹੋਰ ਨਾਵਲ ਜਯੋਤਿਰਉਦਯ ਪ੍ਰਕਾਸ਼ਿਤ ਹੋਇਆ ਜੋ ਬੰਗਾਲੀ ਜੀਵਨ ਦੇ ਹਵਾਲੇ ਨਾਲ ਭਾਰਤੀਆਂ ਨੂੰ ਈਸਾਈਅਤ ਦਾ ਸੁਨੇਹਾ ਦਿੰਦਾ ਹੈ। ਪੰਜਾਬੀ ਨਾਵਲ ਦੇ ਮੋਢੀ ਭਾਈ ਵੀਰ ਸਿੰਘ ਨੇ ਅਚੇਤ ਜਾਂ ਸੁਚੇਤ ਤੌਰ ਤੇ ਇਨ੍ਹਾਂ ਨਾਲ ਰਚਨਾਤਮਕ ਸੰਵਾਦ ਰਚਾਉਂਦਿਆਂ ਸੁੰਦਰੀ, ਵਿਜੈ ਸਿੰਘ ਅਤੇ ਸਤਵੰਤ ਕੌਰ ਵਰਗੇ ਨਾਵਲਾਂ ਦੀ ਰਚਨਾ ਕੀਤੀ। ਇਹ ਨਾਵਲ ਸਿੰਘ ਸਭਾ ਲਹਿਰ ਦੇ ਸੁਧਾਰਵਾਦੀ ਉੱਦੇਸ਼ਾਂ ਦੀ ਪੂਰਤੀ ਲਈ ਗੌਰਵਮਈ

ਸਿੱਖ ਇਤਿਹਾਸ ਦਾ ਬਿਰਤਾਂਤ ਉਸਾਰਨ ਵਲ ਰੁਚਿਤ ਹਨ। ਇਨ੍ਹਾਂ ਵਿਚ ਨਾਵਲ ਨਾਲੋਂ ਵਧੇਰੇ ਮੱਧਕਾਲੀ ਰੁਮਾਂਸ-ਕਥਾ ਦੀਆਂ ਕਥਾਨਕ ਰੂੜ੍ਹੀਆਂ ਦੀ ਵਰਤੋਂ ਕੀਤੀ ਗਈ ਹੈ ਜਿਸ ਲਈ ਇਨ੍ਹਾਂ ਨੂੰ ਇਤਿਹਾਸਕ ਰੁਮਾਂਸ ਆਖਣਾ ਵਧੇਰੇ ਉਚਿਤ ਹੈ। ਭਾਈ ਵੀਰ ਸਿੰਘ ਦੇ ਸਮਕਾਲੀ ਨਾਵਲਕਾਰਾਂ - ਭਾਈ ਮੋਹਨ ਸਿੰਘ ਵੈਦ ਅਤੇ ਚਰਨ ਸਿੰਘ ਸ਼ਹੀਦ ਆਦਿ - ਨੇ ਵੀ ਸਿੰਘ ਸਭਾ ਲਹਿਰ ਦੇ ਅੰਤਰਗਤ ਧਰਮ-ਸੁਧਾਰ ਅਤੇ ਸਮਾਜ-ਸੁਧਾਰ ਨਾਲ ਸੰਬੰਧਿਤ ਨਾਵਲਾਂ ਦੀ ਰਚਨਾ ਕੀਤੀ। ਇਸ ਤਰ੍ਹਾਂ ਪੰਜਾਬੀ ਨਾਵਲ ਦਾ ਉਦਭਵ ਪੱਛਮੀ ਸਾਹਿਤ-ਸਭਿਆਚਾਰ ਦੇ ਪ੍ਰਭਾਵ ਦੀ ਸਾਖੀ ਭਰਦਾ ਹੈ। ਪਰ ਇਨ੍ਹਾਂ ਮੁੱਢਲੇ ਨਾਵਲਕਾਰਾਂ ਨੇ ਸਮਕਾਲੀ ਇਤਿਹਾਸਕ ਵੰਗਾਰਾਂ ਦਾ ਪ੍ਰਤਿ-ਉੱਤਰ ਆਦਰਸ਼ ਅਤੇ ਰੁਮਾਂਸ ਦੇ ਧਰਾਤਲ ਉੱਤੇ ਤਲਾਸ਼ ਕਰਨ ਦਾ ਉਪਰਾਲਾ ਕੀਤਾ।

ਉਨ੍ਹੀਂਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਲੈ ਕੇ ਹੁਣ ਤਕ ਦੇ ਆਪਣੇ ਤਕਰੀਬਨ ਇਕ ਸਦੀ ਦੇ ਇਤਿਹਾਸਕ ਸਫ਼ਰ ਦੌਰਾਨ ਪੰਜਾਬੀ ਨਾਵਲ ਆਪਣੇ ਵਿਕਾਸ ਦੇ ਕਈ ਪੜਾਵਾਂ ਥਾਣੀਂ ਲੰਘਿਆ ਹੈ। ਭਾਈ ਵੀਰ ਸਿੰਘ ਤੋਂ ਬਾਦ ਇਸਦੇ ਇਤਿਹਾਸਕ ਵਿਕਾਸ ਦਾ ਅਗਲਾ ਪੜਾਉ ਨਾਨਕ ਸਿੰਘ, ਸੁਰਿੰਦਰ ਸਿੰਘ ਨਰੂਲਾ, ਸੰਤ ਸਿੰਘ ਸੇਖੋਂ, ਜਸਵੰਤ ਸਿੰਘ ਕੰਵਲ, ਨਰਿੰਦਰਪਾਲ ਸਿੰਘ ਅਤੇ ਸੋਹਣ ਸਿੰਘ ਸੀਤਲ ਵਰਗੇ ਨਾਵਲਕਾਰਾਂ ਨਾਲ ਸੰਬੰਧ ਰੱਖਦਾ ਹੈ। ਨਾਨਕ ਸਿੰਘ ਨੇ ਮੁੰਸ਼ੀ ਪ੍ਰੇਮ ਚੰਦ ਅਤੇ ਸ਼ਰਤ ਚੰਦਰ ਵਰਗੇ ਉੱਘੇ ਭਾਰਤੀ ਨਾਵਲਕਾਰਾਂ ਤੋਂ ਪ੍ਰਭਾਵਿਤ ਹੋ ਕੇ ਇਸ ਖੇਤਰ ਵਿਚ ਪ੍ਰਵੇਸ਼ ਕੀਤਾ। ਉਸਦੇ ਨਾਵਲ ਕੌਮੀ ਮੁਕਤੀ ਅੰਦੋਲਨ ਅਤੇ ਸਮਾਜ-ਸੁਧਾਰ ਦੀਆਂ ਲਹਿਰਾਂ ਨਾਲ ਸਿਰਜਣਾ ਦਾ ਸਰੋਕਾਰ ਜੋੜਦੇ ਹੋਏ ਤਕਰੀਬਨ ਅੱਧੀ ਸਦੀ ਦੇ ਇਤਿਹਾਸ ਦਾ ਗਲਪੀ ਬਿਰਤਾਂਤ ਉਸਾਰਦੇ ਹਨ। ਭਾਵੇਂ ਉਸਨੇ ਸਮਾਜ-ਸੁਧਾਰ ਦੀ ਥੀਮ ਨੂੰ ਨੈਤਿਕ ਧਰਾਤਲ ਉੱਪਰ ਹੱਲ ਕਰਨ ਦਾ ਆਦਰਸ਼ਵਾਦੀ ਮਾਰਗ ਅਪਣਾਇਆ ਹੈ ਪਰ ਉਸਦੇ ਨਾਵਲ ਸ਼ਹਿਰੀ ਮੱਧ ਸ਼੍ਰੇਣੀ ਦੇ ਹੋਂਦ-ਮੁਖੀ ਸਰੋਕਾਰਾਂ ਨੂੰ ਜ਼ੁਬਾਨ ਦੇਣ ਦਾ ਉਪਰਾਲਾ ਕਰਦੇ ਹਨ ਅਤੇ ਯਥਾਰਥ ਦੇ ਪਰਿਵਰਤਿਤ ਹੋ ਰਹੇ ਮਾਹੌਲ ਦੀ ਤਸਵੀਰ ਪੇਸ਼ ਕਰਦੇ ਹਨ। ਇਸੇ ਤਰ੍ਹਾਂ ਨਾਨਕ ਸਿੰਘ ਦੇ ਸਮਕਾਲੀ ਨਾਵਲਕਾਰ ਵੀ ਆਪੋ ਆਪਣੇ ਢੰਗ ਨਾਲ ਸਮਕਾਲੀ ਯਥਾਰਥ ਨਾਲ ਸਿਰਜਣਾ ਦਾ ਰਿਸ਼ਤਾ ਜੋੜਦੇ ਹਨ।

ਇਸ ਦੌਰ ਦੇ ਨਾਵਲਕਾਰਾਂ ਨੇ ਧਰਮ / ਸੰਪ੍ਰਦਾਇਕ ਦ੍ਰਿਸ਼ਟੀ ਦੀ ਬਜਾਏ ਧਰਮ-ਨਿਰਪੇਖ ਸੋਚ ਅਤੇ ਯਥਾਰਥਵਾਦੀ ਦ੍ਰਿਸ਼ਟੀ ਨੂੰ ਗਲਪ ਸਿਰਜਣਾ ਦਾ ਆਧਾਰ ਬਣਾਇਆ। ਭਾਵੇਂ ਇਸ ਦੌਰ ਦੇ ਨਾਵਲ ਦੀਆਂ ਰਚਨਾ-ਰੂੜ੍ਹੀਆਂ ਕਿਸੇ ਹੱਦ ਤਕ ਪਿਛਲੇਰੇ ਨਾਵਲ ਤੋਂ ਪ੍ਰਭਾਵਿਤ ਹਨ ਪਰ ਇਨ੍ਹਾਂ ਨਾਵਲਕਾਰਾਂ ਨੇ ਸਾਹਿਤ ਤੋਂ ਬਾਹਰਲੇ ਮਨੋਰਥਾਂ ਨੂੰ ਲਾਂਭੇ ਰੱਖ ਕੇ ਨਾਵਲੀ ਕਲਾ ਦੀਆਂ ਵਿਧਾਗਤ ਵਿਸ਼ੇਸ਼ਤਾਵਾਂ ਨੂੰ ਧਿਆਨ ਦੇ ਕੇਂਦਰ ਵਿਚ ਲਿਆਉਣ ਦਾ ਉਪਰਾਲਾ ਕੀਤਾ। ਇਸ ਦੌਰ ਦਾ ਨਾਵਲ ਆਦਰਸ਼-ਪ੍ਰੇਰਿਤ ਨਾਇਕ ਦੇ ਆਲੇ ਦੁਆਲੇ ਘੁੰਮਦਾ ਹੋਇਆ ਸਾਮਾਜਿਕ ਸਮੱਸਿਆਵਾਂ ਨੂੰ ਸੰਬੋਧਿਤ ਹੁੰਦਾ ਹੈ। ਮਿਸਾਲ ਵਜੋਂ ਸੁਰਿੰਦਰ ਸਿੰਘ ਨਰੂਲਾ ਦਾ ਨਾਵਲ ਪਿਉ ਪੁੱਤਰ, ਅਤੇ ਸੰਤ ਸਿੰਘ ਸੇਖੋਂ ਦਾ ਨਾਵਲ ਲਹੂ ਮਿੱਟੀ ਦੇਖੇ ਜਾ ਸਕਦੇ ਹਨ। ਜੇ ਨਰੂਲਾ ਦੇ ਨਾਵਲ ਪਿਉ ਪੁੱਤਰ ਵਿਚ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ ਦਾ ਯਥਾਰਥਕ ਬਿੰਬ ਪੇਸ਼ ਹੁੰਦਾ ਹੈ ਤਾਂ ਸੇਖੋਂ ਦਾ ਨਾਵਲ ਲਹੂ ਮਿੱਟੀ ਪੰਜਾਬ ਦੇ ਨਿਮਨ-ਕਿਸਾਨੀ ਵਰਗ ਦੀ ਸੰਘਰਸ਼ਮਈ ਤਸਵੀਰ ਪੇਸ਼ ਕਰਦਾ ਹੈ।

1960 ਤੋਂ ਬਾਦ ਪੰਜਾਬੀ ਨਾਵਲ ਦੇ ਖੇਤਰ ਵਿਚ ਕੁਝ ਅਜਿਹੀਆਂ ਨਵੀਨ ਗਤੀ-ਵਿਧੀਆਂ ਉੱਭਰ ਕੇ ਸਾਮ੍ਹਣੇ ਆਉਂਦੀਆਂ ਹਨ ਜਿਨ੍ਹਾਂ ਦੇ ਸਿੱਟੇ ਵਜੋਂ ਇਸਦੀ ਨੁਹਾਰ ਬਦਲਨੀ ਸ਼ੁਰੂ ਹੋ ਜਾਂਦੀ ਹੈ। ਇਸ ਨਵੇਂ ਦੌਰ ਦੀ

ਸ਼ੁਰੂਆਤ ਸੁਰਜੀਤ ਸਿੰਘ ਸੇਠੀ ਦੇ ਨਾਵਲ ਇਕ ਖਾਲੀ ਪਿਆਲਾ ਅਤੇ ਗੁਰਦਿਆਲ ਸਿੰਘ ਦੇ ਨਾਵਲ ਮੜ੍ਹੀ ਦਾ ਦੀਵਾ ਨਾਲ ਹੁੰਦੀ ਹੈ। ਪੰਜਾਬੀ ਦੇ ਪ੍ਰਸਿੱਧ ਆਲੋਚਕ ਡਾ. ਜੋਗਿੰਦਰ ਸਿੰਘ ਰਾਹੀ ਦੇ ਸ਼ਬਦਾਂ ਵਿਚ "ਇਹ ਦੋਵੇਂ ਨਾਵਲ ਕ੍ਰਮਵਾਰ ਉਸ ਸਮੇਂ ਦੇ ਪ੍ਰਾਪਤ ਪੰਜਾਬੀ ਨਾਵਲ ਦੀ ਵਿਧੀ ਤੇ ਵਸਤੂ ਵਿਚ ਬੁਿਆਦੀ ਤਬਦੀਲੀ ਦੀ ਕਾਮਨਾ ਤੇ ਘਟਨਾ ਦੇ ਸੂਚਕ ਹਨ। ਸੇਠੀ ਚੇਤਨਾ-ਪ੍ਰਵਾਹ ਦੀ ਪੱਛਮੀ ਗਲਪ-ਵਿਧੀ ਰਾਹੀਂ ਅਤੇ ਗੁਰਦਿਆਲ ਸਿੰਘ ਕਥਾਨਕ ਵਿਚ ਦੁਖਾਂਤਕ ਵਿਰੋਧਾਭਾਸਾਂ ਦੀ ਬੁਣਤੀ ਤੇ ਸੰਗਠਨ ਦੁਆਰਾ ਪੰਜਾਬੀ ਨਾਵਲ ਦੀ ਵਿਧੀ-ਵਸਤੂ ਵਿਚ ਇਕ ਆਧੁਨਿਕ ਭਾਂਤ ਦਾ ਪਰਿਵਰਤਨ ਲਿਆਉਣ ਦੀ ਕੋਸ਼ਿਸ਼ ਕਰਦੇ ਹਨ।" ਇਹ ਦੌਰ ਪੰਜਾਬੀ ਨਾਵਲ ਦੇ ਖੇਤਰ ਵਿਚ ਨਵੀਂ ਕਿਸਮ ਦੀ ਗਲਪ-ਚੇਤਨਾ ਅਤੇ ਪ੍ਰਯੋਗਸ਼ੀਲਤਾ ਦਾ ਲਖਾਇਕ ਹੋ ਨਿਬੜਦਾ ਹੈ। ਗੁਰਦਿਆਲ ਸਿੰਘ ਆਂਚਲਿਕ ਨਾਵਲ ਦੀ ਵਿਧੀ ਦੇ ਅੰਤਰਗਤ ਮਾਲਵੇ ਦੀਆਂ ਲੋਕਧਾਰਾਈ ਅਤੇ ਸਭਿਆਚਾਰਕ ਰਵਾਇਤਾਂ ਨੂੰ ਪਿਛੋਕੜ ਵਿਚ ਰੱਖ ਕੇ ਦਲਿਤ ਅਤੇ ਦਮਿਤ ਵਰਗਾਂ ਦੀ ਸਥਿਤੀ ਦਾ ਬਿਰਤਾਂਤ ਉਸਾਦਾ ਹੈ। ਅਣਹੋਇਆਂ ਦੇ ਨਾਵਲਕਾਰ ਵਜੋਂ ਜਾਣਿਆਂ ਜਾਣ ਵਾਲਾ ਇਹ ਨਾਵਲਕਾਰ ਪੰਜਾਬੀ ਨਾਵਲ ਨੂੰ ਸਿਰਜਣ ਦੀਆਂ ਨਵੀਆਂ ਸੰਭਾਵਨਾਵਾਂ ਦਾ ਰਾਹ ਦਿਖਾਉਂਦਾ ਹੈ। ਇਸੇ ਲੀਹ ਉੱਤੇ ਤੁਰਦਿਆਂ ਰਾਮ ਸਰੂਪ ਅਣਖੀ, ਕਰਮਜੀਤ ਸਿੰਘ ਕੁੱਸਾ, ਚੰਦਨ ਨੇਗੀ ਅਤੇ ਸੋਹਣ ਸਿੰਘ ਹੰਸ ਵਰਗੇ ਨਾਵਲਕਾਰਾਂ ਨੇ ਮਹੱਤਵਯੋਗ ਨਾਵਲਾਂ ਦੀ ਸਿਰਜਣਾ ਕੀਤੀ। ਇਸ ਤੋਂ ਇਲਾਵਾ ਇਸ ਦੌਰ ਦੇ ਨਾਵਲ ਨੇ ਆਧੁਨਿਕ ਚੇਤਨਾ ਅਤੇ ਸੰਵੇਦਨਾ ਨਾਲ ਸਰੋਕਾਰ ਜੋੜਦਿਆਂ ਮਹਾਂਨਗਰ ਦੇ ਜੀਵਨ-ਅਨੁਭਵ ਦੀਆਂ ਹੋਂਦ-ਮੁਖੀ ਸਮੱਸਿਆਵਾਂ ਨੂੰ ਗਲਪ ਸਿਰਜਣ ਦਾ ਆਧਾਰ ਬਣਾਇਆ। ਇਉਂ ਇਕ ਪਾਸੇ ਪੇਂਡੂ ਸਮਾਜ-ਸਭਿਆਚਾਰ ਦਾ ਨਿਕਟ ਅਧਿਐਨ ਕਰਨ ਵਾਲੇ ਆਂਚਲਿਕ ਨਾਵਲ ਦੇ ਨਾਲ ਨਾਲ ਨਗਰ ਅਤੇ ਮਹਾਂਨਗਰ ਦੇ ਜੀਵਨ-ਅਨੁਭਵ ਨੂੰ ਬਹੁ-ਪੱਖੀ ਪਾਸਾਰਾਂ ਸਮੇਤ ਮੂਰਤੀਮਾਨ ਕਰਨ ਵਾਲਾ ਨਾਵਲ ਵੀ ਸਾਮ੍ਹਣੇ ਆਉਂਦਾ ਹੈ। ਇਸੇ ਦੌਰ ਵਿਚ ਹੀ ਅੰਮ੍ਰਿਤਾ ਪ੍ਰੀਤਮ, ਦਲੀਪ ਕੌਰ ਟਿਵਾਣਾ, ਅਜੀਤ ਕੌਰ ਅਤੇ ਬਲਜੀਤ ਕੌਰ ਬੱਲੀ ਵਰਗੀਆਂ ਲੇਖਕਾਵਾਂ ਨੇ ਨਾਰੀ ਸੰਵੇਦਨਾ ਵਾਲੇ ਨਾਵਲਾਂ ਦੀ ਰਚਨਾ ਕਰਕੇ ਪੰਜਾਬੀ ਨਾਵਲ ਨੂੰ ਪ੍ਰਦਾਨ ਕੀਤੇ।

ਸਮਕਾਲੀ ਪੰਜਾਬੀ ਨਾਵਲ ਵਿਚ ਸਿਰਜਣਾ ਦੇ ਨਵੇਂ ਪ੍ਰਤਿਮਾਨ ਸਥਾਪਿਤ ਕਰਨ ਵਾਲਿਆਂ ਵਿਚ ਪ੍ਰਵਾਸੀ ਨਾਵਲਕਾਰਾਂ ਨੇ ਵੀ ਮਹੱਤਵਪੂਰਣ ਯੋਗਦਾਨ ਦਿੱਤਾ ਹੈ। ਪੰਜਾਬ ਦੀ ਧਰਤੀ ਤੋਂ ਪ੍ਰਵਾਸ ਕਰਕੇ ਵਿਦੇਸ਼ਾਂ ਵਿਚ ਜਾ ਵਸੇ ਇਨ੍ਹਾਂ ਨਾਵਲਕਾਰਾਂ ਵਿਚ ਸਵਰਨ ਚੰਦਨ, ਦਰਸ਼ਨ ਧੀਰ, ਹਰਜੀਤ ਅਟਵਾਲ, ਨਦੀਮ ਪ੍ਰਮਾਰ, ਨਕਸ਼ਦੀਪ ਪੰਜਕੋਹਾ, ਕੈਲਾਸ਼ ਪੁਰੀ, ਸੁਸ਼ੀਲ ਕੌਰ ਅਤੇ ਅਜਰਨੈਲ ਸਿੰਘ ਸੇਖਾ ਵਰਗੇ ਨਾਵਲਕਾਰਾਂ ਦਾ ਨਾਮ ਲਿਆ ਜਾ ਸਕਦਾ ਹੈ। ਇਨ੍ਹਾਂ ਨਾਵਲਕਾਰਾਂ ਨੇ ਓਪਰੇ ਸਮਾਜ-ਸਭਿਆਚਾਰ ਵਿਚ ਵਿਚਰਦੇ ਪੰਜਾਵੀ ਮਨੁੱਖ ਦੀ ਸੰਕਟ ਅਤੇ ਸੰਤਾਪ ਭਰੀ ਜ਼ਿੰਦਗੀ ਦਾ ਸੰਘਰਸ਼ਸ਼ੀਲ ਬਿੰਬ ਉਸਾਰਨ ਦਾ ਉਪਰਾਲਾ ਕੀਤਾ ਹੈ।

ਪਾਕਿਸਤਾਨੀ ਪੰਜਾਬੀ ਨਾਵਲ ਦੇ ਵਿਕਾਸ ਨੂੰ ਵੀ ਅਸੀਂ ਵਿਸ਼ਵ ਪੰਜਾਬੀ ਸਾਹਿਤ ਦਾ ਅਨਿੱਖੜ ਅੰਗ ਸਮਝਦੇ ਹਾਂ। ਇਤਿਹਾਸਕ ਦ੍ਰਿਸ਼ਟੀ ਤੋਂ ਇਥੋਂ ਦੀ ਨਾਵਲੀ ਪਰੰਪਰਾ ਭਾਰਤੀ ਪੰਜਾਬ ਨਾਲੋਂ ਹਟਵੀਂ ਹੈ। ਪਾਕਿਸਾਨੀ ਪੰਜਾਬੀ ਨਾਵਲ ਦੀ ਪਰੰਪਰਾ ਸਥਾਪਿਤ ਕਰਨ ਵਾਲਿਆਂ ਵਿਚ ਫ਼ਖ਼ਰ ਜ਼ਮਾਨ, ਮੁਸਤਨਸਰ ਹੁਸੈਨ ਤਾਰਡ, ਅਫ਼ਜ਼ਲ ਅਹਿਸਨ ਰੰਧਾਵਾ, ਸਲੀਮ ਖਾਂ ਗਿੰਮੀ ਆਦਿ ਨਾਵਲਕਾਰਾਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਸਮੁੱਚੇ ਪੰਜਾਬੀ ਨਾਵਲ ਦੇ ਸੰਦਰਭ ਵਿਚ ਫ਼ਖ਼ਰ ਜ਼ਮਾਨ ਦੇ ਪ੍ਰਯੋਗਸ਼ੀਲ ਬਰਤੀ ਵਾਲੇ ਨਾਵਲ - ਸੱਤ ਗਵਾਚੇ ਲੋਕ, ਇਕ ਮਰੇ ਬੰਦੇ ਦੀ ਕਹਾਣੀ, ਬੰਦੀਵਾਨ, ਬੇਵਤਨਾ, ਕਮਜ਼ਾਤ ਆਦਿ - ਵਿਸ਼ੇਸ਼ ਮਹੱਤਵ ਦੇ ਧਾਰਣੀ ਹਨ। ਇਹ ਪੱਛਮ ਦੇ

ਅਸਤਿੱਤਵਵਾਦੀ ਨਾਵਲ ਦੀਆਂ ਰਚਨਾ-ਜੁਗਤਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਂ ਕਿਸਮ ਦੇ ਪੰਜਾਬੀ ਨਾਵਲ ਦੀ ਸਿਰਜਣਾ ਕਰਦੇ ਹਨ।

ਸਮੁੱਚੇ ਤੌਰ ਤੇ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਨਾਵਲ ਆਪਣੇ ਇਤਿਹਾਸਕ ਸਫ਼ਰ ਦੌਰਾਜ ਸਿਰਜਣਾ ਦੇ ਕਈ ਮਹੱਤਵਪੂਰਣ ਪੜਾਵਾਂ ਥਾਣੀ ਲੰਘਿਆ ਹੈ। ਪੱਛਮੀ ਸਾਹਿਤ-ਸਭਿਆਚਾਰ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਇਸ ਨੇ ਇਕ ਸਦੀ ਪਹਿਲਾਂ ਆਪਣਾ ਸਫ਼ਰ ਆਰੰਭ ਕੀਤਾ ਸੀ ਪਰ ਇਸਦੀ ਵਿਸ਼ੇਸ਼ਤਾ ਇਹ ਹੈ ਕਿ ਇਸਨੇ ਆਪਣੀ ਧਰਤੀ ਅਤੇ ਆਪਣੇ ਸਮਾਜ-ਸਭਿਆਚਾਰ ਨਾਲ ਹੀ ਸਿਰਜਣਾ ਦਾ ਸੋਕਾਰ ਜੋੜਿਆ ਹੈ। ਇਸਦੀਆਂ ਕਥਾਨਕੀ ਜੁਗਤਾਂ ਭਾਵੇਂ ਦੇਸੀ ਵਿਰਸੇ ਦੀਆਂ ਹਨ ਅਤੇ ਭਾਵੇਂ ਪੱਛਮ ਦੇ ਵਿਕਸਿਤ ਨਾਵਲ ਦੀਆਂ, ਮਹੱਤਵਪੂਰਣ ਗੱਲ ਤਾਂ ਥੀਮਕ ਸਰੋਕਾਰਾਂ ਦੀ ਹੈ ਜੋ ਨਿਸ਼ਚੇ ਹੀ ਆਪਣੀ ਧਰਤੀ ਨਾਲ ਜੁੜੇ ਰਹੇ ਹਨ।

ਪੰਜਾਬੀ ਨਾਵਲ ਦੇ ਉਦਭਵ ਅਤੇ ਵਿਕਾਸ ਬਾਰੇ ਇਸ ਸੰਖੇਪ ਜਿਹੀ ਚਰਚਾ ਕਰਨ ਤੋਂ ਬਾਦ ਅਸੀਂ ਸ. ਸੋਜ਼ ਦੀ ਨਾਵਲੀ ਵਿਲੱਖਣਤਾ ਦਾ ਨਿਖੇੜਾ ਸਹਿਜੇ ਹੀ ਕਰ ਸਕਦੇ ਹਾਂ। ਇਸ ਨਾਵਲਕਾਰ ਦੀ ਵਿਲੱਖਣਤਾ ਦਾ ਮੂਲ ਆਧਾਰ ਪ੍ਰਯੋਗਸ਼ੀਲਤਾ ਉੱਪਰ ਟਿਕਿਆ ਹੋਇਆ ਹੈ। ਫ਼ਰਕ ਕੇਵਲ ਇੰਨਾ ਹੈ ਕਿ ਸੋਜ਼ ਨੇ ਨਾ ਤਾਂ ਗੁਰਦਿਆਲ ਸਿੰਘ ਵਾਂਗ ਆਂਚਲਿਕਤਾ ਨੂੰ ਗਲਪ-ਸਿਰਜਣ ਦਾ ਮਾੱਡਲ ਬਣਾਇਆ ਅਤੇ ਨਾ ਹੀ ਕਿਸੇ ਓਪਰੇ ਪੱਛਮੀ ਮਾੱਡਲ ਨੂੰ ਅਪਣਾਉਣ ਦੀ ਚੇਸ਼ਟਾ ਕੀਤੀ ਹੈ। ਉਸਨੇ ਤਾਂ ਸਗੋਂ ਨਾਵਲ ਨਿਗਾਰੀ ਦੇ ਨਵੇਂ ਪ੍ਰਯੋਗਸ਼ੀਲ ਸੰਦਰਭ ਤਲਾਸ਼ ਕਰਨ ਦਾ ਉਪਰਾਲਾ ਕੀਤਾ ਹੈ।

ਸੱਭ ਤੋਂ ਪਹਿਲਾਂ ਸੋਜ਼ ਦੇ ਨਾਵਲਾਂ ਦੀ ਥੀਮਕ ਸੰਕਲਪਨਾ ਬਾਰੇ ਗੱਲ ਕਰਨੀ ਬਣਦੀ ਹੈ। ਥੀਮਕ ਸੰਕਲਪਨਾ ਕਿਸੇ ਸਾਹਿਤਕ ਰਚਨਾ ਦਾ ਅਜਿਹਾ ਵਿਸ਼ੈਗਤ ਪਾਸਾਰ ਹੁੰਦਾ ਹੈ ਜੋ ਉਸਨੂੰ ਅਰਥ-ਸਾਰਥਕਤਾ ਪ੍ਰਦਾਨ ਕਰਦਾ ਹੈ। ਇਹ ਸਾਹਿਤਕ ਕਿਰਤ ਦਾ ਅੰਦਰਲਾ ਵਿਵੇਕ ਹੈ ਜੋ ਮੂਲ ਮਨੁੱਖੀ ਸਰੋਕਾਰਾਂ ਦੇ ਰੂਪ ਵਿਚ ਪ੍ਰਭਾਸ਼ਿਤ ਹੁੰਦਾ ਹੈ। ਕਿਸੇ ਪਰੰਪਰਾਗਤ ਥੀਮਕ ਪਾਸਾਰ ਨੂੰ ਪ੍ਰਯੋਗਸ਼ੀਲ ਮੋੜਾ ਦੇਣ ਲਈ ਗਲਪ-ਦ੍ਰਿਸ਼ਟੀ ਦੀ ਨਵੀਨਤਾ ਲੋੜੀਂਦੀ ਹੈ, ਜੋ ਅਨੁਭਵ, ਚੇਤਨਾ ਜਾਂ ਬੋਧ ਦੇ ਨਵੀਨ ਧਰਾਤਲਾਂ ਦੀ ਤਲਾਸ਼ ਰਾਹੀਂ ਹੀ ਸੰਭਵ ਹੋ ਸਕਦੀ ਹੈ। ਸੋਜ਼ ਦੇ ਨਾਵਲਾਂ ਵਿਚ ਇਸੇ ਕਿਸਮ ਦੀ ਪ੍ਰਯੋਗਸ਼ੀਲ ਥੀਮਕ ਸੰਕਲਪਨਾ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਪੱਖੋਂ ਉਸਦੇ ਦੋ ਮੁੱਢਲੇ ਨਾਵਲ – ਮਕਾਨ ਇਕ ਖਾਲੀ ਜੇਹਾ ਅਤੇ ਪਾਤਰ-ਵਿਪਾਤਰ – ਵਿਸ਼ੇਸ਼ ਤੌਰ ਤੇ ਵਰਣਨਯੋਗ ਹਨ।

ਮਕਾਨ ਇਕ ਖਾਲੀ ਜੇਹਾ ਸ. ਸੋਜ਼ ਦਾ ਪਹਿਲਾ ਨਾਵਲ ਹੈ। ਇਹ ਜਾਗੀਰਦਾਰੀ ਵਿਵਸਥਾ ਅਤੇ ਵਿਚਾਰਧਾਰਾ ਹਥੋਂ ਪੀੜਿਤ ਨਾਰੀ ਦੀ ਸਥਿਤੀ ਅਤੇ ਮਾਨਸਿਕਤਾ ਦਾ ਬਿਰਤਾਂਤ ਉਸਾਰਦਾ ਹੈ। ਇਹ ਗੱਲ ਤਾਂ ਭਾਵੇਂ ਕਿਸੇ ਹੱਦ ਤਕ ਪੰਜਾਬੀ ਦੇ ਪਰੰਪਰਕ ਨਾਵਲਾਂ ਵਿਚ ਵੀ ਮਿਲ ਜਾਂਦੀ ਹੈ ਪਰ ਸੋਜ਼ ਦੇ ਇਸ ਨਾਵਲ ਦੀ ਥੀਮਕ ਸੰਕਲਪਨਾ ਦਾ ਇਹ ਮੂਲ ਆਧਾਰ ਨਹੀਂ ਸਗੋਂ ਗੌਣ ਆਧਾਰ ਹੀ ਬਣਦਾ ਹੈ। ਨਾਵਲਕਾਰ ਨੇ ਅਜੋਕੇ ਦੌਰ ਵਿਚ ਵਿਕਸਿਤ ਹੋ ਰਹੇ ਨਵੇਂ ਯਥਾਰਥ-ਬੋਧ ਦੇ ਧਰਾਤਲ ਤੇ ਖਲੋ ਕੇ ਪਰੰਪਰਕ ਕਥਾ ਅਤੇ ਕਥਾਨਕ ਨੂੰ ਨਵਾਂ ਮੋੜ ਦੇਣ ਦਾ ਜਤਨ ਕੀਤਾ ਹੈ। ਇਥੇ ਨਾਵਲਕਾਰ ਨੇ ਵਿਵਸਥਾ ਹੱਥੋਂ ਪੀੜਤ ਨਾਰੀ ਨੂੰ ਬਿਰਤਾਂਤ ਦੇ ਫੋਕਸ ਵਿਚ ਰੱਖਣ ਦੀ ਬਜਾਏ ਇਸਤਰੀ-ਪੁਰਖ ਸੰਬੰਧਾਂ ਦੇ ਬਹੁ-ਪਾਸਾਰੀ ਸੰਦਰਭਾਂ ਦਾ ਵਿਸ਼ਲੇਸ਼ਣ ਕਰਨ ਦਾ ਉਪਰਾਲਾ ਕੀਤਾ ਹੈ। ਨਾਵਲ ਦੇ ਗਲਪੀ ਫੋਕਸ ਵਿਚ ਮਨੁੱਖੀ ਹੋਂਦ ਦੇ ਉਹ ਸਦੀਵੀ ਸਰੋਕਾਰ ਹਨ ਜੋ ਜ਼ਿੰਦਗੀ ਨੂੰ ਅਰਥ ਅਤੇ ਸਾਰਥਕਤਾ ਪ੍ਰਦਾਨ

ਕਰਦੇ ਹਨ। ਇਹ ਸਦੀਵੀ ਸਰੋਕਾਰ ਨਿਰੋਲ ਪਰੰਪਰਾ ਜਾਂ ਸੰਸਥਾ ਰਾਹੀਂ ਪਭਿਾਸ਼ਿਤ ਨਹੀਂ ਹੁੰਦੇ ਸਗੋਂ ਹੋਂਦ-ਮੁਖੀ ਵਿਦਰੋਹ ਦੇ ਜਗਾਏ ਹੋਏ ਪ੍ਰਸ਼ਨਾਂ ਦਾ ਰੂਪ ਧਾਰ ਕੇ ਸਾਮ੍ਹਣੇ ਆਉਂਦੇ ਹਨ।

ਨਾਵਲ ਦੀ ਮੁਖ ਪਾਤਰ ਰੌਸ਼ਨੀ ਆਪਣੀ ਮਾਂ ਦੇ ਸਵਾਰਥੀ / ਅਨੈਤਿਕ ਵਿਹਾਰ ਕਾਰਣ ਅਤੇ ਕਿਸੇ ਵਰਜਨਾ-ਭਰਪੂਰ ਸੰਭਾਵੀ ਘਟਨਾ ਤੋਂ ਡਰਦੀ ਮਾਰੀ ਵਡੇਰੀ ਉਮਰ ਦੇ ਖਾਂਦੇ-ਪੀਂਦੇ ਜਾਗੀਰਦਾਰ ਭੱਠਲ ਨਾਲ ਗ਼ੈਰ-ਰਸਮੀ ਦੂਸਰਾ ਵਿਆਹ ਕਰਾਉਣ ਲਈ ਮਜਬੂਰ ਹੋ ਜਾਂਦੀ ਹੈ। ਜ਼ਿੰਦਗੀ ਦੇ ਸਹਿਜ ਉਮਾਹ ਨਾਲ ਭਰੀ ਹੋਈ ਉਸਦੀ ਮਾਸੂਮੀਅਤ ਹੀ ਉਸਦੀ ਦੁਸ਼ਮਣ ਬਣ ਜਾਂਦੀ ਹੈ। ਉਹ ਆਪਣਾ ਹਾਣ ਤਲਾਸ਼ ਕਰਨ ਦੀ ਬਜਾਏ ਹਾਲਾਤ ਨਾਲ ਸਮਝੌਤਾ ਤਾਂ ਕਰ ਲੈਂਦੀ ਹੈ ਪਰ ਇਹ ਸਮਝੌਤਾ ਉਸਨੂੰ ਭਾਵੁਕ ਸੱਖਣੇਪਨ ਦੇ ਕੰਢੇ ਲਿਆ ਖਲ੍ਹਾਰਦਾ ਹੈ। ਉਸਦੀ ਗ਼ੈਰ-ਪਰੰਪਰਕ ਸਾਮਾਜਿਕ ਸਥਿਤੀ ਅਤੇ ਉਸਦਾ ਸਰੀਰਕ ਆਕਰਸ਼ਣ ਉਸ ਲਈ ਮੁਸੀਬਤ ਬਣ ਜਾਂਦਾ ਹੈ। ਵਰਜਿਤ ਅਵਰਜਿਤ ਰਿਸ਼ਤਿਆਂ ਅਤੇ ਕਾਮਨਾ ਦੇ ਘੇਰੇ ਵਿਚ ਘਿਰੀ ਉਹ ਜੀਵਨ ਦੀਆਂ ਮਾਸੂਮ ਖ਼ੁਸ਼ੀਆਂ ਤਲਾਸ਼ ਕਰਦੀ ਹੈ – ਕਦੇ ਭੱਠਲ ਦੇ ਉਲਝੇ ਹੋਏ ਭਾਵੁਕ ਰਿਸ਼ਤੇ ਵਿਚੋਂ, ਕਦੇ ਹਰਨੇਕ ਦੇ ਖ਼ੁਸ਼-ਰਹਿਣੇ ਸੁਭਾ ਵਿਚੋਂ, ਕਦੇ ਪਿੰਟੂ ਦੇ ਪੁੱਤਰਾਂ ਵਰਗੇ ਸਨੇਹ ਵਿਚੋਂ ਅਤੇ ਕਦੇ ਖ਼ੁਦ ਬਿਰਤਾਂਤਕ (ਡਾਕਟਰ) ਦੇ ਚਿਹਰੇ ਵਿਚੋਂ ਝਲਕਦੇ ਗਹਿਰ-ਗੰਭੀਰ ਲਗਾਉ ਵਿਚੋਂ। ਰੌਸ਼ਨੀ ਦੀ ਇਸ ਤਲਾਸ਼ ਨੂੰ ਨਾਵਲਕਾਰ ਨੇ ਚੇਤਨਾ-ਪ੍ਰਵਾਹ ਦੀ ਤਕਨੀਕ ਰਾਹੀਂ ਪੇਸ਼ ਕੀਤਾ ਹੈ –

" ਉਹ ਸੋਚਦੀ : ਕੀ ਜੁਆਨ ਤੀਵੀਂ ਨੂੰ ਜਵਾਨ ਮਰਦ ਨਾਲ ਹੀ ਵਿਆਹ ਕਰਵਾਣਾ ਚਾਹੀਦਾ ਏ ? ਤੇ ਕੀ ਇਹ ਸੰਜੋਗ ਜ਼ਰੂਰੀ ਏ ? ਓਂਜ ਨਹੀਂ ਇਕ ਦੂਏ ਨਾਲ ਰਿਹਾ ਜਾ ਸਕਦਾ ? ਤੇ ਕੀ ਓਸੇ ਨਾਲ ਹੀ ਸੰਬੰਧ ਜੋੜਨਾ ਬਣਦਾ ਏ, ਜਿਸਦਾ ਪਹਿਲਾਂ ਵਿਆਹ ਨਾ ਹੋਇਆ ਹੋਵੇ ? ਹਾਲਾ ਇਸ ਸੱਭ ਕਾਸੇ ਦੇ ਉਲਟ ਵੀ ਤਾਂ ਹੋ ਸਕਦੇ ਨੇ। ਮਨ-ਸਥਿਤੀ ਵੀ ਤਾਂ ਵਿਦਰੋਹ ਕਰ ਸਕਦੀ ਏ। ਲੋੜਾਂ-ਜ਼ਰੂਰਤਾਂ ਵੀ ਤਾਂ ਸਿਰ ਉੱਚਾ ਕਰ ਸਕਦੀਆਂ ਨੇ। ਹਰੇਕ ਦੇ ਦੀ ਮਨ-ਬਣਤਰ ਵੀ ਤਾਂ ਇਕਸਾਰ ਨਹੀਂ ਹੋਂਦੀ ਕਿ ਸਾਰਿਆਂ ਤੇ ਇਕੋ ਜਿਹੀ ਹੀ ਰਹੁ-ਰੀਤ ਹੀ ਲਾਗੂ ਕਰ ਦਿੱਤੀ ਜਾਵੇ। ਕਿਸੇ ਨੂੰ ਪਦਾਰਥ-ਸੁਖ ਲੁੜੀਂਦੇ ਨੇ, ਤੇ ਕਿਸੇ ਨੂੰ ਪਰਮਾਰਥ। ਕੋਈ ਮਨ ਪਾਸੋਂ ਮੁਕਤੀ ਚਾਹੁੰਦਾ ਏ, ਤੇ ਕੋਈ ਸਰੀਰ ਪਾਸੋਂ . . . ਕੌਣ ਆਪਣੀ ਉਪਰਲੀ ਪਰਤ ਲਾਹ ਕੇ ਅੰਦਰਲੀ ਪਰਤ ਨਾਲ ਹਮਕਲਾਮ ਹੋ ਸਕਦੈ।" (ਪੰਨਾ – 47)

ਰੌਸ਼ਨੀ ਦੀਆਂ ਇਹ ਸੋਚਾਂ ਉਸਦੀ ਸਥਿਤੀ ਅਤੇ ਮਾਨਸਿਕਤਾ ਵਿਚਲੇ ਉਸ ਸੰਘਰਸ਼ ਨੂੰ ਮੂਰਤੀਮਾਨ ਕਰਦੀਆਂ ਹਨ ਜਿਸਦੀ ਬੁਨਿਆਦ ਪਰੰਪਰਾ ਅਤੇ ਆਧੁਨਿਕਤਾ ਦੇ ਦਵੰਦ ਉੱਤੇ ਟਿਕੀ ਹੋਈ ਹੈ। ਇਸ ਨਾਵਲ ਵਿਚ ਕੋਈ ਵੀ ਪਾਤਰ ਪੂਰੇ ਤੌਰ ਤੇ ਨਾਇਕ ਜਾਂ ਖਲ-ਨਾਇਕ ਵਜੋਂ ਨਹੀਂ ਉੱਭਰਦਾ। ਨਾ ਸ਼ਰਾਬੀ ਕਬਾਬੀ ਭੱਠਲ, ਨਾ ਉਸਦੀ ਬਦਲਾਖੋਰ ਬੀਵੀ ਨੰਦ, ਨਾ ਨੰਦ ਦੀ ਜ਼ਿੰਦਗੀ ਵਿਚ ਅਸ਼ਾਂਤੀ ਲਿਆਉਣ ਵਾਲੀ ਰੌਸ਼ਨੀ। ਇਨ੍ਹਾਂ ਪਾਤਰਾਂ ਦੀ ਆਪੋ ਆਪਣੀ ਵਿਥਿਆ ਹੈ, ਆਪੋ ਆਪਣਾ ਸੱਚ ਹੈ ਅਤੇ ਆਪੋ ਆਪਣੀ ਸੀਮਾ ਜਿਸਦੇ ਪਾਰ ਜਾਕੇ ਵਿਚਰਨਾ ਉਨ੍ਹਾਂ ਦੇ ਵੱਸ ਵਿਚ ਨਹੀਂ। ਇਹ ਸਮੂਹ ਪਾਤਰ ਆਪਣੀ ਅਤ੍ਰਿਪਤੀ ਵਿਚ ਵਿਚਰਦੇ ਹਨ। ਨਾਵਲੀ ਕਥਾ ਦਾ ਬਿਰਤਾਂਤਕਾਰ ਵੀ ਇਨ੍ਹਾਂ ਤਿਕੋਨੇ ਸੰਬੰਧਾਂ ਦਾ ਨਿਰੋਲ ਦਰਸ਼ਕ ਨਹੀਂ ਰਹਿੰਦਾ ਸਗੋਂ ਖ਼ੁਦ ਵੀ ਇਸੇ ਕਿਸਮ ਦੀ ਅਤ੍ਰਿਪਤੀ ਦਾ ਸ਼ਿਕਾਰ ਹੁੰਦਾ ਹੈ। ਨਾਵਲ ਵਿਚ ਇਸਦਾ ਪ੍ਰਗਟਾਵਾ ਨਿਮਨ-ਅੰਕਿਤ ਪੰਗਤੀਆਂ ਰਾਹੀਂ ਹੁੰਦਾ ਹੈ –

"ਮਨ ਨਿਰੰਤਰ ਸੰਬਾਦ ਰਚਾਈ ਬੈਠਿਆ ਰਿਹਾ। ਏਸ ਤਾਂ ਕਚਿਹਰੀ ਹੀ ਲਾ ਲਈ ਸੀ। ਹੋ ਗਿਆ, ਹਵਾ ਗਿਆ। ਕੀ ਲੈਣਾ ਖਲਜਗਣ ਚੋਂ। ਛੱਡ ਦੇਹ, ਛੰਡ ਸੁੱਟ। ਪਰ ਕਿੱਥੇ। ਅੰਤਰ ਦੀ ਅਦਲਤ ਗਵਾਹੀ ਭੁਗਤਾ ਰਹੀ ਸੀ : ਰੋਸ਼ੀਏ, ਤੇਰੀ ਸੱਖਣਤਾ ਭਰਪੂਰਤਾ ਦੀ ਮੁਤਲਾਸ਼ੀ ਏ, ਮੁਥਾਜ ਏ। ਏਧਰ ਆਪਣੀ ਭਰਪੂਰਤਾ ਚ ਸੱਖਣਤਾ ਦੀ ਇਕ ਦਰਾੜ ਏ, ਵਿਰਲ ਏ, ਥੋੜ ਏ। ਵਾਹੋ ਦਾਹੀ ਭੱਜੇ ਜਾਂਦੇ ਹਾਂ ਪ੍ਰਛਾਵਿਆਂ ਮਗਰ! ਕੀ ਆਦਮ ਤੇ ਹੱਵਾ ਹਾਰ ਅਲਿਫ਼ ਹੋ, ਨੰਗ-ਮੁਨੰਗ, ਬੇਨਿਆਜ਼ ਹੋ, ਵਰਜਿਤ ਫਲ ਵਾਲੇ ਬਾਗ਼ ਚ ਨਹੀਂ ਵਿਚਰਿਆ ਜਾ ਸਕਦਾ? . . . " (ਪੰਨਾ - 112.)

ਇਉਂ ਇਸ ਨਾਵਲ ਦੀ ਥੀਮਕ ਸੰਕਲਪਨਾ ਜਾਗੀਰਦਾਰੀ ਵਿਵਸਥਾ ਹੱਥੋਂ ਪੀੜਿਤ ਨਾਰੀ ਦੀ ਵਿਥਿਆ ਨੂੰ ਪਿਛੋਕੜ ਵਿਚ ਸੁੱਟ ਦਿੰਦੀ ਹੈ। ਅਗਰਭੂਮੀ ਵਿਚ ਆ ਜਾਂਦਾ ਹੈ ਆਧੁਨਿਕ ਚੇਤਨਾ ਅਤੇ ਸੰਵੇਦਨਾ ਦਾ ਉਹ ਬੇਬਾਕ ਯਥਾਰਥ-ਬੋਧ ਜੋ ਪਰੰਪਰਾਵਾਂ ਅਤੇ ਸੰਸਥਾਵਾਂ ਨੂੰ ਨਵੇਂ ਸਿਰਿਉਂ ਘੋਖਣਾ ਚਾਹੁੰਦਾ ਹੈ। ਪੰਜਾਬੀ ਨਾਵਲ ਵਿਚ ਇਸ ਕਿਸਮ ਦੀ ਥੀਮਕ ਸੰਕਲਪਨਾ ਦਾ ਪ੍ਰਗਟਾਵਾ ਪਹਿਲੀ ਵਾਰੀ ਸਾਮ੍ਹਣੇ ਆਇਆ ਹੈ ਜੋ ਇਸਦੀ ਪ੍ਰਯੋਗਸ਼ੀਲਤਾ ਦਾ ਪ੍ਰਮਾਣ ਹੈ।

ਇਸੇ ਕਿਸਮ ਦੀ ਵਿਲੱਖਣ ਥੀਮਕ ਸੰਕਲਪਨਾ ਦਾ ਪ੍ਰਗਟਾਵਾ ਸ. ਸੋਜ਼ ਦੇ ਹਥਲੇ ਨਾਵਲ ਪਾਤਰ-ਵਿਪਾਤਰ ਵਿਚ ਵੀ ਹੋਇਆ ਹੈ। ਇਹ ਨਾਵਲ ਇਕ ਅਸਾਧ ਦਿਮਾਗ਼ੀ ਬਿਮਾਰੀ ਨਾਲ ਪੀੜਿਤ ਇਕ ਮਾਸੂਮ ਬੱਚੇ ਦੀ ਕਰੁਣ ਕਹਾਣੀ ਬਿਆਨ ਕਰਦਾ ਹੈ। ਨਾਵਲ ਦੇ ਮੁੱਖ ਪਾਤਰ, ਸ਼ੈਲੀ, ਨੂੰ ਇਕ ਦਿਨ ਅਚਾਨਕ ਬੇਹੋਸ਼ੀ ਦਾ ਦੌਰਾ ਪੈ ਜਾਂਦਾ ਹੈ। ਉਸਦੇ ਇਲਾਜ ਲਈ ਮਾਪੇ ਉਸਨੂੰ ਪੀ. ਜੀ. ਆਈ. ਦੇ ਨਿਊਰੋ-ਸਰਜਰੀ ਵਾਰਡ ਵਿਚ ਦਾਖਲ ਕਰਾ ਦਿੰਦੇ ਹਨ। ਉਸਦੀ ਬਿਮਾਰੀ ਦੀ ਪਛਾਣ ਕਰਨ ਲਈ ਵੱਖ ਵੱਖ ਤਰ੍ਹਾਂ ਦੇ ਟੈਸਟ ਕਏ ਜਾਂਦੇ ਹਨ। ਦਿਮਾਗ਼ ਦਾ ਓਪਰੇਸ਼ਨ ਕਰਨ ਤੋਂ ਪਹਿਲਾਂ ਉਸਦੇ ਸਿਰ ਦੇ ਵਾਲ ਕੱਟ ਦਿੱਤੇ ਜਾਂਦੇ ਹਨ ਜੋ ਸ਼ੈਲੀ ਲਈ ਹੀ ਨਹੀਂ ਸਗੋਂ ਉਸਦੇ ਮਾਪਿਆਂ ਲਈ ਵੀ ਅੱਤ ਦਰਜੇ ਦੇ ਧਾਰਮਿਕ ਸੰਤਾਪ ਵਾਲੀ ਗੱਲ ਸੀ। ਸ਼ੈਲੀ ਦੇ ਦਿਮਾਗ਼ ਦੀ ਜਾਂਚ ਕਰਨ ਵਾਲੇ ਟੈਸਟ ਅਥਾਹ ਪੀੜਾ ਵਾਲੇ ਹਨ। ਜਦੋਂ ਡਾਕਟਰੀ ਉਪਰਾਲੇ ਸਫਲ ਨਹੀਂ ਹੁੰਦੇ ਤਾਂ ਉਸਦੇ ਇਲਾਜ ਲਈ ਹਰ ਤਰ੍ਹਾਂ ਦੇ ਉਪਚਾਰਾਂ ਦੀ ਅਜ਼ਮਾਇਸ਼ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਵਿਚ ਆਯੁਰਵੇਦ ਅਤੇ ਹੋਮਿਉਪੈਥੀ ਵਰਗੀਆਂ ਹੋਰ ਪ੍ਰਣਾਲੀਆਂ ਦੀ ਸਹਾਇਤਾ ਲਈ ਜਾਂਦੀ ਹੈ। ਲੋਕ-ਚਿਕਤਸਾ ਦੇ ਨੁਸਖ਼ੇ ਅਜ਼ਮਾਏ ਜਾਂਦੇ ਹਨ। ਜਦੋਂ ਇਨ੍ਹਾਂ ਵਿਚੋਂ ਕੋਈ ਵੀ ਇਲਾਜ-ਪ੍ਰਣਾਲੀ ਸਫਲ ਨਹੀਂ ਹੁੰਦੀ ਤਾਂ ਸ਼ੈਲੀ ਦੀ ਬਿਮਾਰੀ ਨੂੰ ਭੂਤ-ਪ੍ਰੇਤ ਦਾ ਸਾਇਆ ਸਮਝ ਕੇ ਅਖੌਤੀ ਸਿਆਣਿਆਂ ਪਾਸ ਲਿਜਾਇਆ ਜਾਂਦਾ ਹੈ। ਜਿੱਥੇ ਕਿਤੇ ਵੀ ਕਿਸੇ ਇਲਾਜ ਦੀ ਦੱਸ ਪੈਂਦੀ ਹੈ ਓਥੇ ਓਥੇ ਹੀ ਸ਼ੈਲੀ ਨੂੰ ਲਿਜਾਇਆ ਜਾਂਦਾ ਹੈ। ਕਰਾਮਾਤੀ ਮੰਨੇ ਜਾਣ ਵਾਲੇ ਸਾਧੂ-ਸੰਤਾਂ, ਜੋਤਸ਼ੀਆਂ ਅਤੇ ਸਾਂਈ ਬਾਬੇ ਵਰਗੇ ਅਖੌਤੀ ਕਰਾਮਾਤੀ ਬਾਬਿਆਂ ਪਾਸੋਂ ਵੀ ਇਸ ਦੁੱਖ ਦਾ ਦਾਰੂ ਲੱਭਣ ਦੀ ਚੇਸ਼ਟਾ ਕੀਤੀ ਜਾਂਦੀ ਹੈ। ਪਰ ਇਨ੍ਹਾਂ ਸਾਰੇ ਉਪਰਾਲਿਆਂ ਦੇ ਬਾਵਜੂਦ ਸ਼ੈਲੀ ਦੀ ਹਾਲਤ ਨਿੱਘਰਦੀ ਜਾਂਦੀ ਹੈ। ਉਹ ਪਾਗਲਪਨ ਦੀ ਅਵਸਥਾ ਵਿਚੋਂ ਲੰਘਦਾ ਹੋਇਆ ਆਖਰ ਛੱਤ ਤੋਂ ਡਿਗ ਕੇ ਮਰ ਜਾਂਦਾ ਹੈ।

ਓਪਰੀ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹ ਨਾਵਲ ਇਕ ਮਾਸੂਮ ਬੱਚੇ ਦੀ ਲਾ-ਇਲਾਜ ਬਿਮਾਰੀ ਅਤੇ ਉਸਦੀ ਕਰੁਣਾਜਨਕ ਮੌਤ ਦਾ ਬਿਰਤਾਂਤ ਸਿਰਜਦਾ ਹੈ। ਪਰ ਨਾਵਲਕਾਰ ਨੇ ਇਸ ਸਾਧਾਰਣ ਜਿਹੀ ਕਰੁਣ ਕਹਾਣੀ ਨੂੰ ਮਨੁੱਖੀ ਜ਼ਿੰਦਗੀ ਦੇ ਗੰਭੀਰ ਸਰੋਕਾਰਾਂ ਨਾਲ ਜੋੜ ਕੇ ਪ੍ਰਸਤੁਤ ਕੀਤਾ ਹੈ ਜੋ ਅਰਥ-ਸਾਰਥਕਤਾ ਦੇ ਅਨੇਕਾਂ

ਸੰਦਰਭਾਂ ਨੂੰ ਉਜਾਗਰ ਕਰਦੀ ਹੈ। ਨਾਵਲੀ ਬਿਰਤਾਂਤ ਦੀ ਮੁੱਖ ਦਿਲਚਸਪੀ ਰੋਗ ਅਤੇ ਉਪਚਾਰ ਨਾਲ ਸੰਬੰਧਿਤ ਪ੍ਰਮਾਣਿਕ ਵੇਰਵਿਆਂ, ਲੋਕਧਾਰਾਈ ਰਵਾਇਤਾਂ ਅਤੇ ਵਹਿਮਾਂ-ਭਰਮਾਂ ਦੀ ਸਜੀਵ ਪੇਸ਼ਕਾਰੀ ਦੇ ਬਾਵਜੂਦ ਮਨੁੱਖੀ ਸ਼ਖ਼ਸੀਅਤ ਦੇ ਰਹੱਸ ਨੂੰ ਫਰੋਲਣ ਵਿਚ ਜਾਪਦੀ ਹੈ। ਜਦੋਂ ਸ਼ੈਲੀ ਆਪਣੀ ਸਿਹਤ-ਮੰਦ ਅਵਸਥਾ ਵਿਚ ਵਿਚਰਦਾ ਹੈ ਤਾਂ ਉਹ ਇਕ ਸਜੀਵ ਵਿਅਕਤੀ ਹੈ ਜੋ ਭਿੰਨ-ਭਿੰਨ ਰਿਸ਼ਤਿਆਂ ਦਾ ਕੇਂਦਰ ਹੈ। ਪਰ ਜਿਵੇਂ ਹੀ ਉਸਦੀ ਦਿਮਾਗੀ ਬਿਮਾਰੀ ਉਸ ਉੱਤੇ ਹਾਵੀ ਹੁੰਦੀ ਜਾਂਦੀ ਹੈ ਤਾਂ ਉਸਦੀ ਸ਼ਖ਼ਸੀਅਤ ਦਾ ਵਿਗਠਨ ਸ਼ੁਰੂ ਹੋ ਜਾਂਦਾ ਹੈ। ਨਾਵਲ ਦੀ ਟੈਕਸਟ ਵਿਚ ਮੁਖ-ਪਾਤਰ ਦੀ ਸ਼ਖ਼ਸੀਅਤ ਵਿਚ ਵਾਪਰਨ ਵਾਲੇ ਇਸ ਵਿਗਠਨ ਨੂੰ ਪੇਸ਼ ਕੀਤਾ ਗਿਆ ਹੈ। ਉਹ ਪਹਿਲਾਂ ਪਾਤਰ ਤੋਂ ਵਿਪਾਤਰ ਬਣਦਾ ਹੈ ਅਤੇ ਅੰਤ ਉੱਤੇ ਅਪਾਤਰ ਬਣ ਕੇ ਰਹਿ ਜਾਂਦਾ ਹੈ। ਉਸ ਨਾਲ ਮੋਹ ਪਿਆਰ ਦਾ ਦਮ ਭਰਨ ਵਾਲੇ ਹੁਣ ਉਸਨੂੰ ਪਾਗਲਖਾਨੇ ਜਾਂ ਯਤੀਮਖਾਨੇ ਛੱਡ ਆਉਣ ਦੀਆਂ ਦਲੀਲਾਂ ਵਿਚ ਪੈ ਜਾਂਦੇ ਹਨ। ਨਾਵਲਕਾਰ ਨੇ ਇਸ ਕਰੁਣ ਕਹਾਣੀ ਨੂੰ ਦਾਰਸ਼ਨਿਕ ਸੰਦਰਭ ਵਿਚ ਰੱਖ ਕੇ ਮਨੁੱਖ ਦੀ ਹੋਂਦ-ਅਵਸਥਾ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਨਾਵਲੀ ਬਿਰਤਾਂਤ ਦਾ ਅੰਦਰਲਾ ਵਿਵੇਕ ਮਨੁੱਖੀ ਹੋਂਦ ਦੇ ਰਹੱਸ ਨੂੰ ਚੇਤਨਾ ਅਤੇ ਸੰਵੇਦਨਾ ਦੇ ਹਵਾਲੇ ਨਾਲ ਪਰਿਭਾਸ਼ਿਤ ਕਰਦਾ ਦਿਖਾਈ ਦਿੰਦਾ ਹੈ। ਆਪੇ ਦੀ ਸੋਝੀ ਅਤੇ ਯਥਾਰਥ ਦਾ ਬੋਧ ਹੀ ਮਨੁੱਖ ਨੂੰ ਸ਼ਖ਼ਸੀਅਤ ਪ੍ਰਦਾਨ ਕਰਦੇ ਹਨ। ਇਨ੍ਹਾਂ ਮੂਲ ਮਨੁੱਖੀ ਤੱਤਾਂ ਦੇ ਆਲੇ ਦੁਆਲੇ ਹੀ ਸਾਮਾਜਿਕ ਰਿਸ਼ਤੇ ਨਾਤਿਆਂ ਦਾ ਉਸਾਰ ਉੱਸਰਦਾ ਹੈ।

ਸ. ਸੋਜ਼ ਦੇ ਇਸ ਨਾਵਲ ਦੀ ਸਿਰਜਣਤਮਕ ਵਿਲਖਣਤਾ ਦਾ ਦੂਸਰਾ ਮਹੱਤਵਪੂਰਣ ਪਹਿਲੂ ਉਸਦੀ ਨਾਵਲੀ ਵਿਧੀ ਦੇ ਪ੍ਰਯੋਗਸ਼ੀਲ ਸੁਭਾ ਨਾਲ ਸੰਬੰਧ ਰੱਖਦਾ ਹੈ। ਇਸ ਨਾਵਲ ਦਾ ਬਿਰਤਾਂਤਕ ਦ੍ਰਿਸ਼ਟੀਕੋਣ ਖ਼ਾਸ ਅਹਿਮੀਅਤ ਰੱਖਦਾ ਹੈ। ਲੇਖਕ ਨੇ ਨਾਵਲੀ ਬਿਰਤਾਂਤ ਦਾ ਸੰਗਠਨ ਉਸਾਰਨ ਲਈ ਇਕ ਅਜਿਹੇ ਬਿਰਤਾਂਤਕਾਰ ਦੀ ਚੋਣ ਕੀਤੀ ਹੈ ਜੋ ਨਾਵਲੀ ਕਥਾ ਦਾ ਮਹੱਤਵਪੂਰਣ ਪਾਤਰ ਵੀ ਹੈ। ਉਹ ਨਾਵਲੀ ਕਾਰਜ ਤੋਂ ਨਿਰਲੇਪ ਨਹੀਂ ਸਗੋਂ ਕਰਤਾ, ਦ੍ਰਿਸ਼ਟਾ ਅਤੇ ਭੁਗਤਾ ਹੋਣ ਦੀਆਂ ਭਿੰਨ-ਭਿੰਨ ਸਥਿਤੀਆਂ ਵਿਚੋਂ ਲੰਘਦਾ ਹੈ। ਉਹ ਆਪਣੀ ਵਿਲੱਖਣ ਸ਼ਖ਼ਸੀਅਤ ਦਾ ਧਾਰਣੀ ਹੋਣ ਦੇ ਨਾਲ ਨਾਲ ਕਿਧਰੇ ਅਪਣੀ ਵਸਤੂ-ਸਥਿਤੀ ਵਿਚੋਂ ਪੈਦਾ ਹੋਣ ਵਾਲੇ ਦੁੱਖ, ਸੰਤਾਪ ਜਾਂ ਵਿਸ਼ਾਦ ਨੂੰ ਭੋਗਦਾ ਹੈ ਅਤੇ ਕਿਧਰੇ ਵਾਪਰ ਰਹੇ ਕਾਰਜ ਨਾਲੋਂ ਮਾਨਸਿਕ ਵਿੱਥ ਥਾਪ ਕੇ ਨਿਰਲੇਪ ਹੋਣ ਦੀ ਚੇਸ਼ਟਾ ਕਰਦਾ ਹੈ। ਇਉਂ ਸ. ਸੋਜ਼ ਦਾ ਇਹ ਨਾਵਲ ਇਸ ਵਿਚਲੇ ਇਕ ਪਾਤਰ ਨੂੰ ਹੀ ਬਿਰਤਾਂਤਕਾਰ ਵਜੋਂ ਪੇਸ਼ ਕਰਦਾ ਹੈ। ਬਿਰਤਾਂਤਕ ਸੰਗਠਨ ਦੀ ਇਹ ਜੁਗਤ ਜਿੱਥੇ ਨਾਵਲੀ ਕਾਰਜ ਨੂੰ ਭਰੋਸੇਯੋਗ ਅਤੇ ਪ੍ਰਾਮਾਣਿਕ ਬਣਾਉਣ ਦਾ ਭਰਮ ਸਿਰਜਦੀ ਹੈ ਉਥੇ ਵਸਤੂ-ਯਥਾਰਥ ਨੂੰ ਪੇਸ਼ ਹੋਈ ਗਲਪੀ ਸਥਿਤੀ ਦੇ ਸਮ-ਵਿਥ ਰੱਖ ਕੇ ਉਸਦਾ ਆਲੋਚਨਾਤਮਕ ਵਿਸ਼ਲੇਸ਼ਣ ਕਰਨ ਦਾ ਸੱਦਾ ਵੀ ਦਿੰਦੀ ਹੈ। ਇਹੀ ਕਾਰਣ ਹੈ ਕਿ ਸਰਲ ਕਥਾਨਕ ਦੇ ਬਾਵਜੂਦ ਇਹ ਨਾਵਲ ਅਨੇਕਾਰਥੀ ਸੰਗਠਨ ਉਸਾਰਦਾ ਹੈ। ਇਕ ਮਾਸੂਮ ਮਨੋਰੋਗੀ ਦੀ ਵਿਗਠਿਤ ਹੋ ਰਹੀ ਸ਼ਖ਼ਸੀਅਤ ਦਾ ਕਰੁਣਾਜਨਕ ਦ੍ਰਿਸ ਉਲੀਕਣ ਦੇ ਨਾਲ ਨਾਲ ਇਹ ਡੂੰਘੇ ਮਾਨਸਿਕ ਸੰਤਾਪ ਵਿਚ ਘਿਰੀ ਮਨੋਸਥਿਤੀ ਦਾ ਵਿਸ਼ਲੇਸ਼ਣ ਵੀ ਕਰਦਾ ਹੈ ਅਤੇ ਪ੍ਰਤੀਕਾਤਮਕ ਤੌਰ ਤੇ ਵਰਤਮਾਨ ਵਿਵਸਥਾ ਦੀ ਸੰਕਟ-ਸਥਤੀ ਨੂੰ ਵੀ ਮੂਰਤੀਮਾਨ ਕਰਦਾ ਹੈ। ਇਸੇ ਵਿਚ ਹੀ ਇਸ ਨਾਵਲ ਦੀ ਪ੍ਰਯੋਗਸ਼ੀਲ ਵਿਲੱਖਣਤਾ ਦਾ ਰਹੱਸ ਛੁਪਿਆ ਹੋਇਆ ਹੈ।